BRITISH COLUMBIA | HealthLinkBC

Punjabi - Number 14b
December 2023

# ਖਸਰਾ
# Measles

## ਖਸਰਾ ਕੀ ਹੈ?

ਖਸਰਾ (ਮੀਜ਼ਲਜ਼), ਮੀਜ਼ਲਜ਼ ਵਾਇਰਸ ਕਰਕੇ ਹੋਣ ਵਾਲੀ ਇੱਕ ਗੰਭੀਰ ਬਿਮਾਰੀ ਹੈ। ਇਸਦੇ ਕਰਕੇ, ਏਨਸਿਫਾਲਾਇਟਿਸ, ਦਿਮਾਗ ਦੀ ਸੋਜ ਹੋ ਸਕਦੀ ਹੈ, ਜਿਸ ਦਾ ਨਤੀਜਾ ਦੌਰੇ, ਬੋਲਾਪਨ, ਜਾਂ ਦਿਮਾਗੀ ਨੁਕਸਾਨ ਹੋ ਸਕਦਾ ਹੈ। ਖਸਰੇ ਵਾਲੇ ਹਰੇਕ 3,000 ਲੋਕਾਂ ਵਿੱਚੋਂ ਇੱਕ ਦੀ ਜਟਿਲਤਾਵਾਂ ਕਰਕੇ ਮੌਤ ਹੋ ਸਕਦੀ ਹੈ। ਜਟਿਲਤਾਵਾਂ ਅਤੇ ਮੌਤ 12 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਅਤੇ ਬਾਲਗਾਂ ਵਿੱਚ ਸਭ ਤੋਂ ਆਮ ਹੁੰਦੀਆਂ ਹਨ।

ਖਸਰੇ ਦੀਆਂ ਜਟਿਲਤਾਵਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਕੰਨ ਦੇ ਵਿਗਾੜ
- ਦਸਤ
- ਨਿਮੋਨੀਆ
- ਏਨਸਿਫਾਲਾਇਟਿਸ (ਹਰੇਕ 1,000 ਕੇਸਾਂ ਵਿੱਚੋਂ 1)

ਬਿਮਾਰੀ ਤੋਂ ਬਚਾਓ ਵਾਸਤੇ ਟੀਕਾਕਰਣ ਕਰਕੇ, ਖਸਰਾ ਹੁਣ ਕੈਨੇਡਾ ਵਿੱਚ ਇੱਕ ਵਿਰਲੀ ਬਿਮਾਰੀ ਹੈ। ਜਿਆਦਾਤਰ ਕੇਸ, ਕੈਨੇਡਾ ਵਿੱਚ ਮਹਿਮਾਨ ਵਜੋਂ ਆਉਣ ਵਾਲੇ ਲੋਕਾਂ ਸਮੇਤ, ਬਿਮਾਰੀ ਤੋਂ ਬਚਾਓ ਵਾਸਤੇ ਟੀਕਾਕਰਣ ਨਾ ਕੀਤੇ ਗਏ ਲੋਕਾਂ ਵਿੱਚ ਵਾਪਰਦੇ ਹਨ, ਜੋ ਦੂਸਰੇ ਦੇਸ਼ਾਂ ਵਿੱਚ ਗਏ ਹੋਣ।

## ਕੀ ਖਸਰੇ ਲਈ ਕੋਈ ਵੈਕਸੀਨ ਹੈ?

ਬੀ. ਸੀ. ਵਿੱਚ ਅਜਿਹੀਆਂ 2 ਵੈਕਸੀਨਾਂ ਉਪਲਬਧ ਹਨ ਜਿਹੜੀਆਂ ਖਸਰੇ ਦੇ ਵਿਰੁੱਧ ਰੱਖਿਆ ਕਰਦੀਆਂ ਹਨ:

1. ਮੀਜ਼ਲਜ਼, ਮੰਮਪਸ, ਰੁਬੈਲਾ (ਐਮ ਐਮ ਆਰ) ਵੈਕਸੀਨ
2. ਮੀਜ਼ਲਜ਼, ਮੰਮਪਸ, ਰੁਬੈਲਾ ਅਤੇ ਵੈਰੀਸੈਲਾ (ਐਮ ਐਮ ਆਰ ਵੀ) ਵੈਕਸੀਨ

ਇਹ ਵੈਕਸੀਨਾਂ ਤੁਹਾਡੇ ਬੱਚੇ ਦੇ ਬੀਮਾਰੀਆਂ ਤੋਂ ਬਚਾਓ ਲਈ ਨੇਮਕ ਟੀਕਾਕਰਣ ਦੇ ਹਿੱਸੇ ਵਜੋਂ ਅਤੇ ਖਸਰੇ ਦੇ ਵਿਰੁੱਧ ਰੱਖਿਆ ਦੀ ਲੋੜ ਵਾਲੇ ਹੋਰ ਲੋਕਾਂ ਨੂੰ ਮੁਫਤ ਦਿੱਤੀਆਂ ਜਾਂਦੀਆਂ ਹਨ। ਹੋਰ ਜਾਣਕਾਰੀ ਲਈ, HealthLinkBC File #14a ਮੀਜ਼ਲਜ਼,ਮੰਮਪਸ,ਰੁਬੈਲਾ (ਐਮ ਐਮ ਆਰ) ਵੈਕਸੀਨ ਅਤੇ HealthLinkBC File #14e ਮੀਜ਼ਲਜ਼,ਮੰਮਪਸ,ਰੁਬੈਲਾ ਅਤੇ ਵੈਰੀਸੈਲਾ (ਐਮ ਐਮ ਆਰ ਵੀ) ਵੈਕਸੀਨ ਦੇਖੋ।

## ਖਸਰਾ ਕਿਵੇਂ ਫੈਲਦਾ ਹੈ?

ਖਸਰਾ ਬਹੁਤ ਛੂਤਕਾਰੀ ਹੈ ਅਤੇ ਅਸਾਨੀ ਨਾਲ ਫੈਲਦਾ ਹੈ। ਜਦੋਂ ਇੱਕ ਵਿਗਾੜਗ੍ਰਸਤ ਵਿਅਕਤੀ ਸਾਹ ਲੈਂਦਾ, ਖੰਘਦਾ ਜਾਂ ਛਿੱਕਦਾ ਹੈ, ਤਾਂ ਵਾਇਰਸ ਹਵਾ ਦੇ ਰਾਹੀਂ ਫੈਲਦਾ ਹੈ। ਖਸਰਾ ਵਾਇਰਸ ਕਈ ਘੰਟਿਆਂ ਲਈ ਹਵਾ ਵਿੱਚ ਛੋਟੀਆਂ ਬੂੰਦਾਂ ਵਿੱਚ ਜ਼ਿੰਦਾ ਰਹਿ ਸਕਦਾ ਹੈ। ਤੁਸੀਂ ਵਿਗਾੜਗ੍ਰਸਤ ਹੋ ਸਕਦੇ ਹੋ ਜਦੋਂ ਤੁਸੀਂ ਇੰਨਾਂ ਬੂੰਦਾਂ ਨੂੰ ਸਾਹ ਰਾਹੀਂ ਅੰਦਰ ਲੈਂਦੇ ਹੋ ਜਾਂ ਵਾਇਰਸ ਨਾਲ ਦੂਸ਼ਿਤ ਵਸਤਾਂ ਨੂੰ ਛੂੰਦੇ ਹੋ। ਹਵਾ ਰਾਹੀਂ ਖਸਰਾ ਵਾਇਰਸ ਦਾ ਫੈਲਣਾ ਇਸ ਬੀਮਾਰੀ ਨੂੰ ਬਹੁਤ ਛੂਤਕਾਰੀ ਬਣਾਉਂਦਾ ਹੈ। ਭੋਜਨ, ਪੇਯ ਪਦਾਰਥ ਜਾਂ ਸਿਗਰਟਾਂ ਸਾਂਝੀਆਂ ਕਰਨੀਆਂ, ਜਾਂ ਵਾਇਰਸ ਵਾਲੇ ਕਿਸੀ ਵਿਅਕਤੀ ਨੂੰ ਚੁੰਮਣਾ ਵੀ ਤੁਹਾਨੂੰ ਖਤਰੇ ਵਿੱਚ ਪਾ ਸਕਦਾ ਹੈ।

## ਲੱਛਣ ਕੀ ਹਨ?

ਖਸਰੇ ਦੇ ਲੱਛਣਾਂ ਵਿੱਚ ਸ਼ਾਮਲ ਹਨ ਬੁਖਾਰ, ਖੰਘ, ਵਗਦਾ ਨੱਕ, ਅਤੇ ਲਾਲ, ਜਲਣ ਵਾਲੀਆਂ ਅੱਖਾਂ ਜੋ ਅਕਸਰ ਰੋਸ਼ਨੀ ਪ੍ਰਤੀ ਸੰਵੇਦਨਸ਼ੀਲ ਹੁੰਦੀਆਂ ਹਨ। ਇੰਨਾਂ ਲੱਛਣਾਂ ਤੋਂ ਬਾਅਦ ਰੈਸ਼ ਹੁੰਦਾ ਹੈ ਜੋ ਪਹਿਲਾਂ ਮੂੰਹ ਅਤੇ ਗਲੇ ਤੇ ਸ਼ੁਰੂ ਹੁੰਦਾ ਹੈ, ਅਤੇ ਛਾਤੀ, ਬਾਹਵਾਂ ਅਤੇ ਲੱਤਾਂ ਤੱਕ ਫੈਲ ਜਾਂਦਾ ਹੈ, ਅਤੇ 4 ਤੋਂ 7 ਦਿਨਾਂ ਲਈ ਰਹਿੰਦਾ ਹੈ। ਮੂੰਹ ਦੇ ਅੰਦਰ ਛੋਟੇ ਚਿੱਟੇ ਧੱਬੇ ਵੀ ਹੋ ਸਕਦੇ ਹਨ।

ਲੱਛਣ ਵਿਅਕਤੀ ਦੇ ਖਸਰੇ ਦੇ ਵਾਇਰਸ ਨਾਲ ਵਿਗਾੜਗ੍ਰਸਤ ਹੋਣ ਦੇ 7 ਦਿਨਾਂ ਦੇ ਅੰਦਰ ਜਿੰਨੇ ਜਲਦੀ ਸ਼ੁਰੂ ਹੋ ਸਕਦੇ ਹਨ।

## ਜੇ ਮੇਰਾ ਸੰਪਰਕ ਖਸਰੇ ਨਾਲ ਹੋ ਗਿਆ ਹੈ ਤਾਂ ਕੀ?

ਜੇ ਤੁਹਾਡਾ ਸੰਪਰਕ ਖਸਰੇ ਦੇ ਵਾਇਰਸ ਨਾਲ ਹੋ ਗਿਆ ਹੈ ਅਤੇ ਤੁਹਾਨੂੰ ਇਹ ਬੀਮਾਰੀ ਨਹੀਂ ਹੋ ਚੁੱਕੀ ਹੈ ਜਾਂ ਤੁਹਾਨੂੰ ਖਸਰੇ ਦੀ ਵੈਕਸੀਨ ਦੀਆਂ 2 ਖੁਰਾਕਾਂ ਮਿਲ ਚੁੱਕੀਆਂ ਹਨ, ਤਾਂ ਤੁਹਾਨੂੰ ਬੀਮਾਰੀ ਨੂੰ ਰੋਕਣ ਲਈ ਟੀਕਾ ਲਗਵਾ ਲੈਣਾ ਚਾਹੀਦਾ ਹੈ। ਤੁਹਾਨੂੰ ਖਸਰੇ ਦੇ ਵਾਇਰਸ ਤੋਂ ਸੁਰੱਖਿਅਤ ਰਹਿਣ ਲਈ ਸੰਪਰਕ ਹੋਣ ਦੇ 72 ਘੰਟਿਆਂ ਦੇ ਅੰਦਰ ਵੈਕਸੀਨ ਪ੍ਰਾਪਤ ਕਰਨ ਦੀ ਲੋੜ ਹੋਵੇਗੀ। ਹੋ ਸਕਦਾ ਹੈ ਕਿ 1970 ਤੋਂ ਪਹਿਲਾਂ ਪੈਦਾ ਹੋਏ ਲੋਕਾਂ ਨੂੰ ਵੈਕਸੀਨ ਲੈਣ ਦੀ ਲੋੜ ਨਾ ਹੋਵੇ ਕਿਉਂਕਿ ਸੰਭਵ ਹੈ ਕਿ ਉਨ੍ਹਾਂ ਨੂੰ ਖਸਰਾ ਹੋ ਚੁੱਕਿਆ ਹੈ।

ਜੇ ਤੁਹਾਨੂੰ ਸਮੇਂ ਸਿਰ ਵੈਕਸੀਨ ਨਹੀਂ ਲੱਗ ਸਕਦੀ ਜਾਂ ਇਹ ਸਿਫਾਰਸ਼ ਨਹੀਂ ਕੀਤੀ ਜਾਂਦੀ ਕਿ ਤੁਸੀਂ ਵੈਕਸੀਨ ਲਓ, ਤਾਂ ਸੰਭਵ ਹੈ ਕਿ ਤੁਹਾਨੂੰ ਰੱਖਿਆ ਲਈ ਇੰਮਯੂਨ ਗਲੋਬਿਯੂਲਿਨ ਦਿੱਤਾ ਜਾਏ। ਇੰਮਯੂਨ ਗਲੋਬਿਯੂਲਿਨ ਵਿੱਚ ਦਾਨ ਦਿੱਤੇ ਗਏ ਮਨੁੱਖੀ ਖੂਨ ਵਿੱਚੋਂ ਲਈਆਂ ਗਈਆਂ ਐਂਟੀਬਾਡੀਆਂ ਹੁੰਦੀਆਂ ਹਨ। ਐਂਟੀਬਾਡੀਆਂ (antibodies) ਉਹ ਪ੍ਰੋਟੀਨ ਹਨ ਜੋ ਇੱਕ ਵਿਅਕਤੀ ਦੇ ਸਰੀਰ ਨੂੰ ਬਿਮਾਰੀਆਂ ਤੋਂ ਸੁਰੱਖਿਅਤ ਰੱਖਣ ਵਾਲੀ ਪ੍ਰਣਾਲੀ, ਬੈਕਟੀਰੀਆ ਜਾਂ ਵਾਇਰਸਾਂ ਵਰਗੇ ਰੋਗਾਣੂਆਂ ਦਾ ਸਾਮ੍ਹਣਾ ਕਰਨ ਲਈ ਬਣਾਉਂਦੀ ਹੈ। ਖਸਰੇ ਨਾਲ ਸੰਪਰਕ ਹੋਣ ਦੇ 6 ਦਿਨਾਂ ਦੇ ਅੰਦਰ ਦਿੱਤਾ ਗਿਆ ਇੰਮਯੂਨ ਗਲੋਬਿਯੂਲਿਨ ਖਸਰੇ ਸੰਬੰਧੀ ਵਿਗਾੜਾਂ ਤੋਂ ਰੱਖਿਆ ਕਰ ਸਕਦਾ ਹੈ ਜਾਂ ਬਿਮਾਰੀ ਨੂੰ ਘੱਟ ਤੀਬਰ ਬਣਾ ਸਕਦਾ ਹੈ। ਹੋਰ

ਜਾਣਕਾਰੀ ਲਈ, HealthLinkBC File #63 ਇੰਮਯੂਨ ਗਲੋਬਿਯੂਲਿਨ ਦੇਖੋ।

## ਜੇ ਮੈਂ ਸੋਚਦਾ/ਦੀ ਹਾਂ ਕਿ ਮੈਨੂੰ ਖਸਰਾ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਨੂੰ ਬੁਖਾਰ ਅਤੇ ਰੈਸ਼ ਹੈ, ਅਤੇ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਖਸਰਾ ਹੋ ਸਕਦਾ ਹੈ, ਖਾਸ ਕਰਕੇ ਜੇ ਤੁਸੀਂ ਖਸਰੇ ਵਾਲੇ ਕਿਸੇ ਵਿਅਕਤੀ ਦੇ ਨਾਲ ਸੰਪਰਕ ਵਿੱਚ ਰਹੇ ਹੋ ਜਾਂ ਖਸਰੇ ਦੀ ਆਉਟਬ੍ਰੇਕ ਵਾਲੇ ਖੇਤਰ ਵਿੱਚ ਸਫਰ ਕੀਤਾ ਹੈ, ਤਾਂ ਸਿਹਤ ਸੰਭਾਲ ਪ੍ਰਦਾਤਾ ਕੋਲੋਂ ਆਪਣਾ ਨਿਰੀਖਣ ਕਰਵਾਓ।ਇਹ ਸਭ ਤੋਂ ਚੰਗਾ ਹੈ ਜੇ ਤੁਸੀਂ ਪਹਿਲਾਂ ਫੋਨ ਕਰਕੇ ਜਾਓ ਤਾਂ ਕਿ ਤੁਹਾਨੂੰ ਜਲਦੀ ਅਤੇ ਦੂਸਰੇ ਲੋਕਾਂ ਨੂੰ ਵਿਗਾੜਗ੍ਰਸਤ ਕੀਤੇ ਬਿਨਾਂ ਦੇਖਿਆ ਜਾ ਸਕੇ। ਖਸਰਾ ਵੇਟਿੰਗ ਰੂਮਾਂ ਅਤੇ ਐਮਰਜੈਂਸੀ ਰੂਮਾਂ ਵਰਗੀਆਂ ਥਾਵਾਂ ਵਿੱਚ ਅਸਾਨੀ ਨਾਲ ਫੈਲ ਸਕਦਾ ਹੈ।ਡਾਕਟਰ ਜਾਂ ਟ੍ਰੀਆਜ (triage) ਨਰਸ ਯਕੀਨੀ ਬਣਾ ਸਕਦੇ ਹਨ ਕਿ ਤੁਹਾਨੂੰ ਨਿਰੀਖਣ ਲਈ ਬੰਦ ਖੇਤਰ ਵਿੱਚ ਲਿਜਾਇਆ ਜਾਂਦਾ ਹੈ ਅਤੇ ਤੁਸੀਂ ਉਸ ਵੇਲੇ ਕਲੀਨਿਕ ਵਿੱਚ ਆਉਂਦੇ ਹੋ ਜਦੋਂ ਵੇਟਿੰਗ ਰੂਮ ਖਾਲੀ ਹੈ। ਆਪਣਾ ਬਿਮਾਰੀਆਂ ਤੋਂ ਬਚਾਓ ਲਈ ਲਗਾਏ ਗਏ ਟੀਕਿਆਂ ਦਾ ਰਿਕਾਰਡ ਆਪਣੇ ਨਾਲ ਲੈਕੇ ਆਓ। ਖਸਰੇ ਦੀ ਪਛਾਣ ਕਰਨ ਲਈ ਸਰੀਰਕ ਨਿਰੀਖਣ, ਖ਼ੂਨ ਦਾ ਟੈਸਟ ਅਤੇ ਰੂੰ ਦੇ ਫਹੇ ਨਾਲ ਗਲੇ ਵਿੱਚੋਂ ਲਿਆ ਜਾਣ ਵਾਲਾ ਨਮੂਨਾ (throat swab) ਜਾਂ ਪੇਸ਼ਾਬ ਦਾ ਨਮੂਨਾ ਇਕੱਠਾ ਕੀਤਾ ਜਾਏਗਾ।

## ਮੈਂ ਦੂਸਰਿਆਂ ਤੱਕ ਖਸਰੇ ਨੂੰ ਫੈਲਣ ਤੋਂ ਕਿਵੇਂ ਰੋਕ ਸਕਦਾ/ਦੀ ਹਾਂ?

ਖਸਰੇ ਵਾਲਾ ਵਿਅਕਤੀ ਉਨ੍ਹਾਂ ਦੇ ਪਹਿਲੇ ਰੈਸ਼ ਦੇ ਉਭਰਨ ਤੋਂ 4 ਦਿਨ ਪਹਿਲਾਂ ਤੋਂ 4 ਦਿਨ ਬਾਅਦ ਤੱਕ ਵਾਇਰਸ ਨੂੰ ਦੂਸਰਿਆਂ ਤੱਕ ਫੈਲਾ ਸਕਦਾ ਹੈ।ਜੇ ਤੁਹਾਨੂੰ ਖਸਰਾ ਹੈ ਤਾਂ ਤੁਸੀਂ ਇਹ ਕਰਕੇ ਉਸ ਨੂੰ ਦੂਜਿਆਂ ਤੱਕ ਫੈਲਣ ਤੋਂ ਰੋਕਣ ਵਿੱਚ ਸਹਾਇਤਾ ਕਰ ਸਕਦੇ ਹੋ:

- ਰੈਸ਼ ਦੇ ਪਹਿਲੀ ਵਾਰੀ ਉਭਰਨ ਤੋਂ ਬਾਅਦ ਘੱਟੋ ਘੱਟ 4 ਦਿਨ ਘਰ ਰਹਿਣਾ
- ਆਪਣੇ ਹੱਥ ਨੇਮਕ ਤੌਰ ਨਾਲ ਧੋਣਾ
- ਆਪਣੇ ਹੱਥਾਂ ਦੀ ਜਗ੍ਹਾ ਇੱਕ ਟਿਸ਼ੂ ਜਾਂ ਆਪਣੀ ਬਾਂਹ ਵਿੱਚ ਖੰਘਣਾ ਜਾਂ ਛਿੱਕਣਾ
- ਭੋਜਨ, ਪੇਯ ਪਦਾਰਥ ਜਾਂ ਸਿਗਰਟਾਂ ਸਾਂਝੀਆਂ ਨਾ ਕਰਨੀਆਂ ਜਾਂ ਦੂਸਰਿਆਂ ਨੂੰ ਨਾ ਚੁੰਮਣਾ

## ਘਰੇਲੂ ਇਲਾਜ ਕੀ ਹੈ?

ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲਣ ਤੋਂ ਬਾਅਦ, ਹੋ ਸਕਦਾ ਹੈ ਕਿ ਹੇਠਾਂ ਦਿੱਤੇ ਗਏ ਘਰੇਲੂ ਇਲਾਜ ਦੇ ਨੁਸਖੇ ਅਰਾਮ ਕਰਨ ਅਤੇ ਠੀਕ ਹੋਣ ਦੇ ਦੌਰਾਨ ਤੁਹਾਨੂੰ ਜਿਆਦਾ ਸੁਖਾਵਾਂ ਰਹਿਣ ਵਿੱਚ ਸਹਾਇਤਾ ਕਰਨ:

- ਬਹੁਤ ਸਾਰੇ ਤਰਲ ਪਦਾਰਥ ਜਿਵੇਂ ਕਿ ਪਾਣੀ, ਜੂਸ, ਅਤੇ ਸੂਪ ਪਿਓ, ਖਾਸ ਕਰਕੇ ਜੇ ਤੁਹਾਨੂੰ ਬੁਖਾਰ ਹੈ
- ਖੂਬ ਅਰਾਮ ਕਰੋ

ਅਸੀਟਾਮੇਨੋਫੇਨ (Acetaminophen) (ਉਦਾਹਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ibuprofen*) (ਉਦਹਾਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ।ਏਐਸਏ (ASA) (ਉਦਹਾਰਣ ਲਈ ਐਸਪਰੀਨ (Aspirin®)) ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

*6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕੀਤੇ ਬਿਨਾਂ ਆਈਬਿਊਪ੍ਰੋਫੇਨ ਨਹੀਂ ਦਿੱਤੀ ਜਾਣੀ ਚਾਹੀਦੀ।

ਰਾਈ ਸਿੰਡਰੋਮ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ HealthLinkBC File #84 ਰੇਏ ਸਿੰਡਰੋਮ ਦੇਖੋ।

BC Centre for Disease Control
Provincial Health Services Authority